# ਪੰਜਾਬੀ ਵਿਕਾਸ ਮੰਚ (ਕਾਨੂੰਨੀ)

(ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸ਼ਾਖਾ)

ਹਵਾਲਾ ਨੰ: 59-63 ਮਿਤੀ: 08.06.2022

**ਕਾਨੂੰਨੀ ਸਲਾਹਕਾਰ / ਵਕੀਲ**

**ਸ੍ਰੀ ਹਰੀ ਚੰਦ ਅਰੋੜਾ**
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ
ਮੋ.: 98140-13764

**ਸ੍ਰੀ ਹਰੀਸ਼ ਰਾਏ ਢਾਂਡਾ**
ਲੁਧਿਆਣਾ
ਮੋ.: 98141-20300

**ਸ੍ਰੀ ਮਿੱਤਰ ਸੈਨ ਮੀਤ**
ਲੁਧਿਆਣਾ
ਮੋ.: 98556-31777

**ਸੰਚਾਲਕ**

**ਸ੍ਰ ਦਵਿੰਦਰ ਸਿੰਘ ਸੇਖਾ**
ਮੋ.: 98140-70581

**ਪ੍ਰੋ ਇੰਦਰਪਾਲ ਸਿੰਘ**
ਮੋ.: 82838-11912

**ਸ੍ਰ ਸੁਖਇੰਦਰ ਪਾਲ ਸਿੰਘ**
ਮੋ.: +1 (780) 884 0788

**ਸ੍ਰ ਆਰ. ਪੀ. ਸਿੰਘ**
ਮੋ.: 97790 48083

ਸੇਵਾ ਵਿਖੇ

ਮੁੱਖ ਕਮਿਸ਼ਨਰ

ਪੰਜਾਬ ਲੋਕ ਸੂਚਨਾ ਕਮਿਸ਼ਨ

ਚੰਡੀਗੜ੍ਹ

**ਵਿਸ਼ਾ**: ਦਫ਼ਤਰ ਦਾ ਕੰਮ-ਕਾਜ ਪੰਜਾਬੀ ਭਾਸ਼ਾ ਵਿਚ ਕਰਨ ਦੇ ਨਾਲ-ਨਾਲ ਵਿਭਾਗ ਦੀ ਵੈਬਸਾਈਟ ਤੇ ਸੂਚਨਾ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਉਪਲਬਧ ਕਰਵਾਉਣ ਸਬੰਧੀ।

**ਹਵਾਲਾ**: ਕਮਿਸ਼ਨ ਦੇ ਪੱਤਰ ਦਾ ਪਿਠਅੰਕਣ ਨੰ:PSIC-SA-Admn(Pbi)/911 ਮਿਤੀ 27.05.2022

ਸ੍ਰੀ ਮਾਨ ਜੀ,

ਪੰਜਾਬੀ ਵਿਕਾਸ ਮੰਚ(ਕਾਨੂੰਨੀ) ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਨੂੰ ਕਾਨੂੰਨ ਦੀਆਂ ਵਿਵਸਥਾਵਾਂ ਰਾਹੀਂ ਸੁਲਝਾਉਣ ਲਈ ਸਥਾਪਤ ਕੀਤੀ ਗਈ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਇਕ ਸ਼ਾਖਾ ਹੈ। ਪੰਜਾਬ ਰਾਜ ਦੀ ਰਾਜ ਭਾਸ਼ਾ ਪੰਜਾਬੀ ਹੈ। ਪੰਜਾਬ ਰਾਜ ਭਾਸ਼ਾ ਕਾਨੂੰਨ 2005 ਦੀਆਂ ਵਿਵਸਥਾਵਾਂ ਪੰਜਾਬ ਸਰਕਾਰ ਦੇ ਦਫਤਰਾਂ ਅਤੇ ਅਦਾਰਿਆਂ ਵਿਚ ਹੁੰਦੇ ਦਫਤਰੀ ਕੰਮ ਕਾਜ ਨੂੰ ਪੰਜਾਬੀ ਵਿਚ ਕਰਨਾ ਲਾਜਮੀ ਬਣਾਉਦੀਆਂ ਹਨ। ਇਨ੍ਹਾਂ ਵਿਵਸਥਾਵਾਂ ਦੀ ਉਲੰਘਣਾ ਕਰਕੇ ਕਮਿਸ਼ਨ ਆਪਣਾ ਸਾਰਾ ਦਫਤਰੀ ਕੰਮ ਕਾਜ ਕੇਵਲ ਅੰਗਰੇਜ਼ੀ ਭਾਸ਼ਾ ਵਿਚ ਕਰ ਰਿਹਾ ਹੈ। ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਅਤੇ ਮੰਚ ਵਲੋਂ ਕਈ ਵਾਰ ਆਪ ਜੀ ਦਾ ਇਸ ਅਣਗਹਿਲੀ ਵਲ ਧਿਆਨ ਦਵਾਇਆ ਹੈ। ਮੰਚ ਨੂੰ ਖੁਸ਼ੀ ਹੈ ਕਿ ਹੁਣ ਕਮਿਸ਼ਨ ਆਪਣਾ ਦਫਤਰੀ ਕੰਮ ਕਾਜ ਪੰਜਾਬੀ ਵਿਚ ਕਰਨ ਲਈ ਤੱਤਪਰ ਹੈ। ਕਮਿਸ਼ਨ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਦਫਤਰੀ ਕੰਮ ਕਾਜ ਪੰਜਾਬੀ ਵਿਚ ਕਰਨ ਲਈ ਪ੍ਰੇਰਣ ਅਤੇ ਲੋੜੀਂਦੇ ਸ੍ਰੋਤਾਂ ਬਾਰੇ ਜਾਣਕਾਰੀ ਦੇਣ ਵਿਚ ਪੰਜਾਬੀ ਵਿਕਾਸ ਮੰਚ ਖੁਸ਼ੀ ਮਹਿਸੂਸ ਕਰ ਰਿਹਾ ਹੈ।

**ਕਮਿਸ਼ਨ ਵਲੋਂ ਲਿਖੇ ਜਾਂਦੇ ਫੈਸਲਿਆਂ ਨੂੰ ਪੰਜਾਬੀ ਵਿਚ ਵੀ ਲਿਖੇ ਜਾਣ ਤੋਂ ਭਾਵ**

ਸੂਚਨਾ ਕਮਿਸ਼ਨ ਦੀ ਇਹ ਦਲੀਲ ਕਿ 'ਕਮਿਸ਼ਨ ਦੇ ਸੈਮੀ ਜੁਡੀਸ਼ੀਅਲ ਕੋਰਟ ਹੋਣ ਕਾਰਨ ਇਸ ਦੇ ਫ਼ੈਸਲਿਆਂ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਜਾਂਦੀ ਹੈ' , ਨੂੰ ਕਿਸੇ ਵੀ ਤਰਕ ਦੇ ਅਧਾਰ ਤੇ ਸਹੀ ਨਹੀਂ ਠਹਿਰਾਇਆ ਜਾ ਸਕਦਾ। ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਕਿਉਂਕਿ ਕਮਿਸ਼ਨ ਦੇ ਅਦਾਲਤੀ ਕੰਮ-ਕਾਜ ਨੂੰ ਪੰਜਾਬੀ ਵਿਚ ਵੀ ਕੀਤੇ ਜਾਣ ਤੋਂ ਕੇਵਲ ਇਹ ਭਾਵ ਹੈ ਕਿ ਕਮਿਸ਼ਨ ਵੱਲੋਂ ਲਿਖੇ ਜਾਣ ਵਾਲੇ ਫ਼ੈਸਲੇ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਵੀ ਲਿਖੇ ਜਾਣਗੇ। ਜੇ ਕਿਸੇ ਧਿਰ ਨੇ ਕਮਿਸ਼ਨ ਦੇ ਫ਼ੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦੇਣੀ ਹੈ, ਤਾਂ ਉਹ ਧਿਰ ਕਮਿਸ਼ਨ ਵੱਲੋਂ ਅੰਗਰੇਜ਼ੀ ਵਿਚ ਲਿਖੇ ਫ਼ੈਸਲੇ ਦੀ ਵਰਤੋਂ ਕਰ ਸਕਦੀ ਹੈ। ਆਪ ਜੀ ਦੇ ਧਿਆਨ ਵਿਚ ਹੋਵੇਗਾ ਹੀ ਕਿ ਹਾਈ ਕੋਰਟ ਵਿਚ ਕਮਿਸ਼ਨ ਦੇ ਇੱਕ ਫ਼ੀਸਦੀ ਤੋਂ ਵੀ ਘੱਟ ਫ਼ੈਸਲਿਆਂ ਨੂੰ ਚੁਣੌਤੀ ਦਿੱਤੀ ਜਾਂਦੀ ਹੈ। ਇਸ ਲਈ ਕਮਿਸ਼ਨ ਨੂੰ ਇੱਕ ਫ਼ੀਸਦੀ ਦੀ ਥਾਂ, 99 ਫ਼ੀਸਦੀ ਉਨਾਂ ਲੋਕਾਂ(ਜਿਹੜੇ ਪੇਂਡੂ ਪਿੱਠ-ਭੂਮੀ ਅਤੇ ਆਰਥਿਕ ਤੰਗੀ ਕਾਰਨ ਹਾਈ ਕੋਰਟ ਜਾਣ ਵਿਚ ਅਸਮਰਥ ਹੁੰਦੇ ਹਨ) ਦੇ ਹਿਤਾਂ ਨੂੰ ਧਿਆਨ ਵਿਚ ਰੱਖਦੇ ਹੋਏ, ਆਪਣੇ ਫ਼ੈਸਲੇ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਲਿਖਣ ਵਿਚ ਖੁਸ਼ੀ ਪ੍ਰਾਪਤ ਹੋਣੀ ਚਾਹੀਦੀ ਹੈ। ਇੰਞ ਲੋਕਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਇਨਸਾਫ ਪ੍ਰਾਪਤ ਕਰਨ ਦਾ ਸੰਵਿਧਾਨਕ ਹੱਕ ਵੀ ਪ੍ਰਾਪਤ ਹੋ ਜਾਵੇਗਾ।

**ਦੇਸ਼ ਦੇ ਹੋਰ ਸੂਬਿਆਂ ਦੀ ਆਪਣੀ ਮਾਤ ਭਾਸ਼ਾ/ਰਾਜ ਭਾਸ਼ਾ ਪ੍ਰਤੀ ਪ੍ਰਤੀਬੱਧਤਾ ਦੀ ਝਲਕ**

1. ਨਿਮਰਤਾ ਸਹਿਤ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ ਅਤੇ ਬਿਹਾਰ ਵਿਚ ਕੇਵਲ ਜ਼ਿਲ੍ਹਾ ਅਦਾਲਤਾਂ ਵਿਚ ਹੀ ਨਹੀਂ ਸਗੋਂ ਹਾਈ ਕੋਰਟ ਵਿਚ ਵੀ ਫ਼ੈਸਲੇ ਅੰਗਰੇਜ਼ੀ ਦੇ ਨਾਲ-ਨਾਲ ਇਨ੍ਹਾਂ ਸੂਬਿਆਂ ਦੀ ਮਾਤ ਭਾਸ਼ਾ 'ਹਿੰਦੀ' ਵਿਚ ਲਿਖੇ ਜਾਂਦੇ ਹਨ। ਇਹ ਕਾਰਜ ਦਹਾਕਿਆਂ ਤੋਂ ਹੋ ਰਿਹਾ ਹੈ।

2. ਦੱਖਣੀ ਸੂਬਿਆਂ ਦੀਆਂ (ਤਮਿਲਨਾਡੂ, ਕਰਨਾਟਕ, ਆਂਧਰਾ ਪ੍ਰਦੇਸ਼) ਦੀਆਂ ਜ਼ਿਲ੍ਹਾ ਅਦਾਲਤਾਂ ਵਿਚ ਅਦਾਲਤਾਂ ਵੱਲੋਂ ਕੀਤੇ ਜਾਂਦੇ ਹੁਕਮ ਅਤੇ ਫ਼ੈਸਲੇ ਉਨ੍ਹਾਂ ਸੂਬਿਆਂ ਦੀਆਂ ਰਾਜ ਭਾਸ਼ਾਵਾਂ (ਤਮਿਲ, ਕੰਨੜ, ਮਲਿਆਲਮ) ਵਿਚ ਲਿਖੇ ਜਾਂਦੇ ਹਨ।

**ਪੰਜਾਬ ਦੇ ਕੁਝ ਅਧਿਕਾਰੀ ਵੀ ਆਪਣਾ ਫਰਜ਼ ਨਿਭਾ ਰਹੇ ਹਨ**

1. ਪੰਜਾਬ ਦੇ ਮਾਲ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਲਿਖੇ ਜਾਂਦੇ ਫ਼ੈਸਲੇ ਵੀ ਕੇਵਲ ਪੰਜਾਬੀ ਭਾਸ਼ਾ ਵਿਚ ਹੁੰਦੇ ਹਨ।

**ਪਹਿਲਾਂ ਕਮਿਸ਼ਨ ਦੇ ਆਪਣੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਪੰਜਾਬੀ ਵਿਚ ਮੁਹਾਰਤ ਦੀ ਜਾਣਕਾਰੀ**

1. ਨਿਮਰਤਾ ਸਹਿਤ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਦੀ ਨੌਕਰੀ ਪ੍ਰਾਪਤ ਕਰਨ ਦੀ ਮੁੱਢਲੀ ਸ਼ਰਤ ਇਹ ਹੈ ਕਿ ਉਮੀਦਵਾਰ ਨੇ ਪੰਜਾਬੀ ਭਾਸ਼ਾ ਦਾ ਪਹਿਲਾਂ ਦਸਵੀਂ ਜਮਾਤ ਦਾ ਇਮਤਿਹਾਨ ਪਾਸ ਕੀਤਾ ਹੋਇਆ ਹੋਵੇ। ਇਸ ਸ਼ਰਤ ਕਰਕੇ ਪੰਜਾਬ ਲੋਕ ਸੂਚਨਾ ਕਮਿਸ਼ਨ ਦੇ ਦਫਤਰ ਵਿਚ ਕੰਮ ਕਰਦੇ ਸਾਰੇ ਮੁਲਾਜ਼ਮ ਪੰਜਾਬੀ ਪੜ੍ਹੇ ਹੋਏ ਹਨ। ਬਹੁਤੇ ਮੁਲਾਜ਼ਮਾਂ ਦਾ ਪਿਛੋਕੜ ਪੇਂਡੂ ਪੰਜਾਬ ਦਾ ਹੈ ਅਤੇ ਉਹ ਗੂੜ ਪੰਜਾਬੀ ਪੜ੍ਹ,ਲਿਖ, ਸਮਝ ਅਤੇ ਬੋਲ ਸਕਦੇ ਹਨ। ਉਨ੍ਹਾਂ ਦੀ ਸਮਰੱਥਾ ਤੇ ਕੇਵਲ ਭਰੋਸਾ ਕਰਨ ਦੀ ਲੋੜ ਹੈ। ਕਿਰਪਾ ਕਰਕੇ ਆਪਣੇ ਦਫਤਰ ਦੇ ਕਰਮਚਾਰੀਆਂ ਦੇ ਮੋਢਿਆਂ ਤੇ ਇਹ ਜਿੰਮੇਵਾਰੀ ਪਾਓ। ਸਿੱਟੇ ਵਧੀਆ ਨਿਕਲਨਗੇ। ਉਨ੍ਹਾਂ ਨੂੰ ਪੰਜਾਬੀ ਵਿਚ ਦਫ਼ਤਰੀ ਕੰਮ-ਕਾਜ ਕਰਨ ਵਿਚ ਉੱਕਾ ਹੀ ਮੁਸ਼ਕਲ ਪੇਸ਼ ਨਹੀਂ ਆਵੇਗੀ। ਕਮਿਸ਼ਨ ਵਿਚ ਕੰਮ ਕਰਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਪਣਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿਚ ਵੀ ਕਰਨ ਦੇ ਕੇਵਲ ਹੁਕਮ ਹੀ ਦਿਤੇ ਜਾਣ ਲੋੜ ਹੈ।

2. ਨਿਮਰਤਾ ਸਹਿਤ ਇਹ ਵੀ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਕੁਝ ਸਮਾਂ ਪਹਿਲਾਂ ਸੂਚਨਾ ਕਮਿਸ਼ਨ ਵੱਲੋਂ ਧਿਰਾਂ ਨੂੰ ਜਾਰੀ ਕੀਤੇ ਜਾਂਦੇ ਸੰਮਣ ਅਤੇ ਘਾਟਾਂ ਪੂਰੀਆਂ ਕਰਾਉਣ ਲਈ ਲਿਖੀਆਂ ਜਾਂਦੀਆਂ ਚਿੱਠੀਆਂ ਕੇਵਲ ਪੰਜਾਬੀ ਭਾਸ਼ਾ ਵਿਚ ਹੁੰਦੀਆਂ ਸਨ। ਪੁਰਾਣੇ Format ਦੀ ਵਰਤੋਂ ਕਰਕੇ ਸੰਮਣ ਅਤੇ ਧਿਰਾਂ ਨਾਲ ਕੀਤਾ ਜਾਂਦਾ ਚਿੱਠੀ ਪੱਤਰ ਅਸਾਨੀ ਨਾਲ ਦੁਬਾਰਾ ਪੰਜਾਬੀ ਵਿਚ ਸ਼ੁਰੂ ਕੀਤਾ ਜਾ ਸਕਦਾ ਹੈ।

3. ਕਮਿਸ਼ਨ ਦੇ ਬਹੁਤੇ ਸਤਿਕਾਰ ਯੋਗ ਮੈਂਬਰਾਂ ਦੀ ਪਿਛੋਕੜ ਵੀ ਨਿਰੋਲ ਪੰਜਾਬੀ ਹੈ। ਇਨ੍ਹਾਂ ਸਤਿਕਾਰ ਯੋਗ ਮੈਂਬਰਾਂ ਨੂੰ ਅੰਗਰੇਜ਼ੀ ਨਾਲੋਂ ਪੰਜਾਬੀ ਵਿਚ ਫ਼ੈਸਲੇ ਲਿਖਾਉਣੇ ਵੱਧ ਅਸਾਨ ਹੋਣਗੇ।

**ਕਮਿਸ਼ਨ ਦੇ ਕੰਮ ਕਾਜ ਨੂੰ ਪੰਜਾਬੀ ਵਿਚ ਕਰਨ ਲਈ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਸਿੱਖਲਾਈ ਦੇ ਸ੍ਰੋਤ**

**(ੳ) ਭਾਸ਼ਾ ਵਿਭਾਗ**

1. ਪੰਜਾਬੀ ਦੇ ਵਿਕਾਸ ਅਤੇ ਪਸਾਰ ਲਈ ਪੰਜਾਬ ਸਰਕਾਰ ਵੱਲੋਂ ਇਕ ਭਾਸ਼ਾ ਵਿਭਾਗ ਖੁੱਲ੍ਹਿਆ ਹੋਇਆ ਹੈ। ਨਵੰਬਰ 2021 ਤੋਂ ਪਹਿਲਾਂ ਇਸ ਵਿਭਾਗ ਵਿਚ ਜ਼ਿਲ੍ਹਾ ਭਾਸ਼ਾ ਅਫ਼ਸਰਾਂ ਅਤੇ ਜ਼ਿਲ੍ਹਾ ਖੋਜ ਅਫ਼ਸਰਾਂ ਦੀ ਬਹੁਤ ਘਾਟ ਸੀ। ਹੁਣ ਪੰਜਾਬ ਸਰਕਾਰ ਨੇ ਇਹ ਘਾਟ ਪੂਰੀ ਕਰ ਦਿੱਤੀ ਹੈ। ਇਸ ਸਮੇਂ ਭਾਸ਼ਾ ਵਿਭਾਗ ਕੋਲ ਕਰੀਬ 40 ਜ਼ਿਲ੍ਹਾ ਭਾਸ਼ਾ ਅਫ਼ਸਰ ਅਤੇ ਜ਼ਿਲ੍ਹਾ ਖੋਜ ਅਫ਼ਸਰ ਉਪਲੱਭਦ ਹਨ। ਇਨ੍ਹਾਂ ਸਾਰੇ ਅਧਿਕਾਰੀਆਂ ਨੇ ਪੀ.ਐਚ.ਡੀ. ਤੱਕ ਦੀ ਪੜ੍ਹਾਈ ਕੀਤੀ ਹੋਈ ਹੈ। ਇਕ ਜਿਲਾ ਭਾਸ਼ਾ ਅਫਸਰ ਦਾ ਦਫਤਰ ਚੰਡੀਗੜ੍ਹ ਵਿਚ ਹੈ ਅਤੇ ਇਕ ਜਿਲਾ ਭਾਸ਼ਾ ਅਫਸਰ ਦਾ ਦਫਤਰ ਮੋਹਾਲੀ ਵਿਚ ਹੈ। ਇਨ੍ਹਾਂ

ਅਧਿਕਾਰੀਆਂ ਦੀ ਮੁੱਢਲੀ ਜਿੰਮੇਵਾਰੀ ਪੰਜਾਬ ਸਰਕਾਰ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਪੰਜਾਬੀ ਵਿਚ ਕੰਮ ਕਾਜ ਕਰਨ ਲਈ ਸਿਖਲਾਈ ਦੇਣਾ ਹੈ।

2. ਸੂਚਨਾ ਅਧਿਕਾਰ ਕਾਨੂੰਨ ਰਾਹੀਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਜ਼ਿਲ੍ਹਿਆਂ ਵਿਚ ਲੱਗੇ ਜ਼ਿਲ੍ਹਾ ਖੋਜ ਅਫ਼ਸਰਾਂ ਨੇ ਹਾਲੇ ਤੱਕ ਕੋਈ ਖੋਜ-ਕਾਰਜ ਸ਼ੁਰੂ ਨਹੀਂ ਕੀਤਾ। ਹਾਲੇ ਉਹ ਕੇਵਲ ਪ੍ਰਬੰਧਕੀ ਕਾਰਜ ਹੀ ਕਰ ਰਹੇ ਹਨ। ਇਨ੍ਹਾਂ ਉੱਚ ਸਿੱਖਿਆ ਪ੍ਰਾਪਤ ਅਧਿਕਾਰੀਆਂ ਦੀਆਂ ਸੇਵਾਵਾਂ ਪ੍ਰਾਪਤ ਕਰਕੇ ਕਮਿਸ਼ਨ ਆਪਣੇ ਦਫ਼ਤਰੀ ਕੰਮ-ਕਾਜ ਨੂੰ ਪੰਜਾਬੀ ਵਿਚ ਕਰਨ ਦੇ ਅਸਾਨੀ ਨਾਲ ਯੋਗ ਹੋ ਸਕਦਾ ਹੈ।

3. ਪਿਛਲੇ ਵਿੱਤੀ ਵਰ੍ਹੇ 2021-22 ਵਿਚ ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ ਨੂੰ ਲਈ ਕਰੀਬ ਇੱਕ ਕਰੋੜ ਰੁਪਏ ਪੰਜਾਬੀ ਦੇ ਵਿਕਾਸ ਅਤੇ ਪਸਾਰ ਤੇ ਖਰਚ ਕਰਨ ਲਈ ਦਿੱਤੇ ਸਨ। ਭਾਸ਼ਾ ਵਿਭਾਗ ਵੱਲੋਂ ਇਹ ਸਾਰੀ ਰਕਮ ਭਾਸ਼ਾ ਦੇ ਪੰਜਾਬੀ ਦੇ ਵਿਕਾਸ ਦੀ ਥਾਂ ਹੋਰ ਸਰਗਰਮੀਆਂ ਕਰਨ ਤੇ ਖਰਚ ਕਰ ਦਿੱਤੀ ਗਈ ਹੈ। ਸੂਚਨਾ ਕਮਿਸ਼ਨ ਪੰਜਾਬ ਸਰਕਾਰ ਨਾਲ ਸਲਾਹ-ਮਸ਼ਵਰਾ ਕਰਕੇ, ਅਗਲੇ ਵਿੱਤੀ ਵਰ੍ਹੇ 2022-23 ਦੇ ਬਜਟ ਵਿਚ ਭਾਸ਼ਾ ਵਿਭਾਗ ਨੂੰ ਪ੍ਰਾਪਤ ਹੋਣ ਵਾਲੀ ਰਕਮ ਦੀ ਵਰਤੋਂ, ਕਮਿਸ਼ਨ ਦੇ ਦਫ਼ਤਰੀ ਕੰਮ-ਕਾਜ ਨੂੰ ਪੰਜਾਬੀ ਵਿਚ ਕਰਨ ਲਈ ਕਰਮਚਾਰੀਆਂ ਨੂੰ ਲੋੜੀਂਦੀ ਦੇਣ ਅਤੇ ਜਰੂਰੀ ਸਾਜੋ-ਸਮਾਨ ਖਰੀਦਣ ਤੇ ਕਰਵਾ ਸਕਦੀ ਹੈ।

**(ਅ) ਪੰਜਾਬੀ ਯੂਨੀਵਰਸਿਟੀ ਪਟਿਆਲਾ**

1. ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਦੇ ਤਕਨੀਕੀ ਵਿਕਾਸ ਲਈ ਸ਼ਲਾਘਾਯੋਗ ਕੰਮ ਕੀਤਾ ਗਿਆ ਹੈ।ਯੂਨੀਵਰਸਟੀ ਇਸ ਵਿਭਾਗ ਵੱਲੋਂ ਤਿਆਰ ਕੀਤੇ ਗਏ ਸਾਫ਼ਟਵੇਅਰ, ਪੰਜਾਬ ਸਰਕਾਰ ਦੇ ਲੋੜਵੰਦ ਵਿਭਾਗਾਂ ਨੂੰ ਮੁਫ਼ਤ ਉਪਲਬਦ ਕਰਵਾਉਂਦੀ ਹੈ। ਇਸ ਵਿਭਾਗ ਦੇ ਤਕਨੀਕੀ ਮਾਹਿਰ, ਆਪਣੇ ਖਰਚੇ ਤੇ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਆਪਣਾ ਦਫਤਰੀ ਕੰਮ ਕਾਜ ਪੰਜਾਬੀ ਵਿਚ ਕਰਨ ਦੀ ਸਿੱਖਲਾਈ ਵੀ ਦਿੰਦੇ ਹਨ। ਪੰਜਾਬੀ ਯੂਨੀਵਰਸਿਟੀ ਤੋਂ ਇਹ ਸਹੂਲਤਾਂ ਪ੍ਰਾਪਤ ਕਰਕੇ, ਥੋੜੇ ਸਮੇਂ ਵਿਚ ਹੀ ਕਮਿਸ਼ਨ ਆਪਣੇ ਦਫ਼ਤਰੀ ਕੰਮ-ਕਾਜ ਨੂੰ ਅੰਗਰੇਜ਼ੀ ਦੇ ਨਾਲ-ਨਾਲ ਅਸਾਨੀ ਨਾਲ ਪੰਜਾਬੀ ਵਿਚ ਵੀ ਕਰ ਸਕਦਾ ਹੈ।

(ੲ) **ਇਕ ਵੱਖਰੇ ਅਨੁਵਾਦ ਵਿਭਾਗ ਦੀ ਸਥਾਪਨਾ**

1. ਨਿਮਰਤਾ ਸਹਿਤ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੀ ਪੰਜਾਬ ਦੀਆਂ ਜ਼ਿਲ੍ਹਾ ਅਦਾਲਤਾਂ ਵਿਚ ਪੰਜਾਬੀ ਵਿਚ ਲਾਗੂ ਕਰਨ ਜਾ ਰਿਹਾ ਹੈ। ਇਸ ਉਦੇਸ਼ ਦੀ ਪ੍ਰੱਪਤੀ ਲਈ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਪੰਜਾਬੀ ਤੋਂ ਅੰਗਰੇਜ਼ੀ ਅਤੇ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਵਾਲੇ ਮਾਹਿਰ ਅਨੁਵਾਦਕਾਂ ਦੀ ਮੰਗ ਕੀਤੀ ਹੈ। ਇਸੇ ਤਰਜ਼ ਤੇ ਕਮਿਸ਼ਨ ਵੀ ਪੰਜਾਬ ਸਰਕਾਰ ਤੋਂ ਅਨੁਵਾਦਕ ਭਰਤੀ ਕਰਵਾ ਕੇ, ਕਮਿਸ਼ਨ

ਦੇ ਦਫਤਰ ਵਿਚ ਅਨੁਵਾਦ ਵਿਭਾਗ ਖੋਲ ਕੇ, ਕਮਿਸ਼ਨ ਦੇ ਫ਼ੈਸਲਿਆਂ ਨੂੰ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਵਿਚ ਅਨੁਵਾਦ ਕਰਵਾਉਣ ਦੀ ਸਹੂਲਤ ਪ੍ਰਾਪਤ ਕਰ ਸਕਦਾ ਹੈ।

**ਦਫ਼ਤਰੀ ਕੰਮ-ਕਾਜ ਵਿਚ ਫ਼ੌਰੀ ਤੌਰ ਤੇ ਪੰਜਾਬੀ ਲਾਗੂ ਕਰਨ ਲਈ ਸੁਝਾਅ:**

1. ਵੱਖ-ਵੱਖ ਮਾਣਯੋਗ ਕਮਿਸ਼ਨਾਂ ਵੱਲੋਂ ਲਿਖੇ ਜਾਂਦੇ ਫ਼ੈਸਲੇ ਪਹਿਲਾਂ ਆਪਣੀ ਵੈਬਸਾਈਟ ਤੇ ਅੰਗਰੇਜ਼ੀ ਵਿਚ ਹੀ ਪਾਏ ਜਾਣ, ਤਾਂ ਜੋ ਧਿਰਾਂ ਨੂੰ ਹੋਏ ਫ਼ੈਸਲੇ ਦੀ ਤੁਰੰਤ ਜਾਣਕਾਰੀ ਪ੍ਰਾਪਤ ਹੋ ਸਕੇ।

2. ਹਫ਼ਤੇ-ਦਸ ਦਿਨਾਂ ਬਾਅਦ ਫ਼ੈਸਲਿਆਂ ਦਾ ਪੰਜਾਬੀ ਵਿਚ ਅਨੁਵਾਦ ਕਰਵਾ ਕੇ ਫ਼ੈਸਲਿਆਂ ਨੂੰ ਮੁੜ ਪੰਜਾਬੀ ਵਿਚ ਵੈਬਸਾਈਟ ਉੱਪਰ ਚੜ੍ਹਾਇਆ ਜਾ ਸਕਦਾ ਹੈ। ਇੰਝ ਹੋਣ ਨਾਲ ਅੰਗਰੇਜ਼ੀ ਵਿਚ ਫੈਸਲਾ ਪ੍ਰਾਪਤ ਕਰਨ ਦੀ ਇੱਛਾ ਰੱਖਣ ਵਾਲਿਆਂ ਨੂੰ ਫੈਸਲਾ ਅੰਗਰਜ਼ੀ ਵਿਚ ਅਤੇ ਪੰਜਾਬੀ ਭਾਸ਼ਾ ਵਿਚ ਫ਼ੈਸਲੇ ਪ੍ਰਾਪਤ ਕਰਨ ਦੀ ਇੱਛਾ ਰੱਖਣ ਵਾਲਿਆਂ ਨੂੰ ਫੈਸਲਾ ਪੰਜਾਬੀ ਭਾਸ਼ਾ ਵਿਚ ਪ੍ਰਾਪਤ ਹੋਣ ਲੱਗ ਪਏਗਾ।

**ਇਨ੍ਹਾਂ ਸੁਝਾਵਾਂ ਤੇ ਗਹਿਰਾਈ ਨਾਲ ਵਿਚਾਰ ਕਰਨ ਬਾਅਦ ਅਮਲ ਵਿਚ ਲਿਆਉਣ ਦੀ ਉਮੀਦ ਨਾਲ।**

ਪ੍ਰਾਰਥੀ

ਮਿੱਤਰ ਸੈਨ ਮੀਤ

(ਐਡਵੋਕੇਟ ਮਿੱਤਰ ਸੈਨ ਮੀਤ) ਕਾਨੂੰਨੀ ਸਲਾਹਕਾਰ

ਉਪਰੋਕਤ ਦਾ ਉਤਾਰਾ, ਹੇਠ ਲਿਖਿਆਂ ਸ਼ਖਸ਼ੀਅਤਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਮਾਣਯੋਗ ਮੁੱਖ ਮੰਤਰੀ, ਪੰਜਾਬ। cmo@punjab.gov.in

2. ਮੁੱਖ ਸਕੱਤਰ ਸਹਿਬ, ਪੰਜਾਬ ਸਰਕਾਰ, ਚੰਡੀਗੜ੍ਹ। cs@punjab.gov.in

3. ਮੰਤਰੀ ਸਿੱਖਿਆ ਅਤੇ ਭਾਸ਼ਾ ਵਿਭਾਗ, ਪੰਜਾਬ, ਚੰਡੀਗੜ੍ਹ। punjabeducationminister@gmail.com

4. ਪ੍ਰਮੁੱਖ ਸਕੱਤਰ,ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ, ਪੰਜਾਬ, ਚੰਡੀਗੜ੍ਹ। pshe@punjab.gov.in